# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

**ਅਜੀਤਗੜ (ਐਸ. ਏ. ਐਸ ਨਗਰ)** : ਪੰਜਾਬ ਸਕੂਲ ਸਿੱਖਿਆ ਬੋਰਡ ਨੇ ਮਾਰਚ 2012 ਵਿਚ ਲਈ ਗਈ **+2** ਜਮਾਤ ਦੇ ਸਾਇੰਸ ਤੇ ਕਾਮਰਸ ਵਿਸ਼ਿਆਂ ਦੀ ਪ੍ਰੀਖਿਆ ਦੇ ਸਪਲੀਮੈਂਟਰੀ ਇਮਤਿਹਾਨ ਦਾ ਇੱਕ ਹੋਰ ਮੌਕਾ ਦੇਣ ਦਾ ਐਲਾਨ ਕੀਤਾ ਹੈ । ਬੋਰਡ ਦੇ ਚੇਅਰਮੈਨ ਸ਼੍ਰੀ ਹੁਸਨ ਲਾਲ ਆਈ. ਏ. ਐੱਸ ਵੱਲੋਂ ਜਾਰੀ ਕੀਤੇ ਗਏ ਆਦੇਸ਼ ਮੁਤਾਬਕ ਸਾਇੰਸ ਅਤੇ ਕਾਮਰਸ ਵਿਸ਼ਿਆਂ ਦੀ ਉਚੇਚੀ ਸਪਲੀਮੈਂਟਰੀ ਪ੍ਰੀਖਿਆ 23 ਜੁਲਾਈ ਤੋਂ ਕਰਵਾਏ ਜਾਣ ਦੇ ਬਾਵਜੂਦ ਕਈ ਪ੍ਰੀਖਿਆਰਥੀ ਇਸ ਮੌਕੇ ਦਾ ਲਾਭ ਨਹੀ ਲੈ ਸਕੇ ਜਿਸ ਕਾਰਨ ਉਨ੍ਹਾਂ ਨੂੰ ਸਤੰਬਰ 2012 ਵਿਚ ਪ੍ਰੀਖਿਆ ਦੇਣ ਦਾ ਮੌਕਾ ਦਿੱਤਾ ਜਾਣਾ ਜਾਇਜ਼ ਹੈ ।

ਬੋਰਡ ਦੇ ਸਕੱਤਰ ਡਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਮਾਰਚ 2012 ਦੇ ਸਾਇੰਸ ਅਤੇ ਕਾਮਰਸ ਗਰੁਪਾਂ ਦੇ ਵਿਦਿਆਰਥੀ ਜੋ ਸਤੰਬਰ 2012 ਵਿੱਚ ਸਪਲੀਮੈਂਟਰੀ ਪ੍ਰੀਖਿਆ ਦੇਣਾ ਚਾਹੁਣ, 30 ਜੁਲਾਈ 2012 ਤੱਕ ਤਿੰਨ ਹਜ਼ਾਰ ਰੁਪਏ ਉਕਾ ਪੁਕਾ ਫੀਸ ਨਾਲ ਆਪਣੇ ਦਾਖਲਾ ਫਾਰਮ ਭਰ ਸਕਦੇ ਹਨ । ਇਸ ਮੌਕੇ ਲਈ ਜਮਾ ਕਰਵਾਏ ਜਾਣ ਵਾਲੇ ਕੇਸਾਂ ਨੂੰ ਚੇਅਰਮੈਨ ਸਾਹਿਬ ਦੀ ਵਿਸ਼ੇਸ਼ ਪ੍ਰਵਾਨਗੀ ਲੈਣ ਦੀ ਲੋੜ ਨਹੀ ਹੋਵੇਗੀ ।

ਲੋਕ ਸੰਪਰਕ ਸ਼ਾਖਾ

20 ਜੁਲਾਈ, 2012.